# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਈ-ਬਲਾਕ, ਪੰਜਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸ.ਅ.ਸ ਨਗਰ (ਮੋਹਾਲੀ)।
ਫੋਨ ਨੰ: 0172-5212345/349, ਈ-ਮੇਲ: rmsa.civilworks@punjabeducation.gov.in

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ)
ਪੰਜਾਬ।

ਮੀਮੋ ਨੰ: ਸਸਅ/ਸਿਵਲ ਵਰਕਸ/2023/317766 ਮਿਤੀ : 28/11/2023

**ਵਿਸ਼ਾ: ਨਵੇ ਟੁਆਇਲਟ ਬਣਾਉਣ ਉਪਰੰਤ ਵੀ ਪੁਰਾਣੇ ਟੁਆਇਲਟ ਨੂੰ ਨਾ ਢਾਹਣ ਸਬੰਧੀ।**

ਉਕਤ ਵਿਸ਼ੇ ਸਬੰਧੀ ਮਿਤੀ 23.11.2023 ਨੂੰ ਮਾਨਯੋਗ ਸਿੱਖਿਆ ਮੰਤਰੀ, ਪੰਜਾਬ ਜੀ ਨਾਲ ਹੋਈ ਮੀਟਿੰਗ ਦੌਰਾਨ ਵਿਚ ਸਾਹਮਣੇ ਆਇਆ ਹੈ ਕਿ ਸਕੂਲਾਂ ਵਿਖੇ ਨਵੇਂ ਟੁਆਇਲਟ ਦੀ ਉਸਾਰੀ ਹੋਣ ਉਪਰੰਤ ਵਿਦਿਆਰਥੀਆਂ ਵੱਲੋਂ ਇਹਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਪਰ ਸਕੂਲਾਂ ਵੱਲੋਂ ਪੁਰਾਣੇ ਟੁਆਇਲਟ ਜੋ ਕਿ ਬਹੁਤ ਮਾੜੀ ਅਤੇ ਜਰ-ਜਰ ਹਾਲਤ ਵਿਚ ਹਨ, ਉਹਨਾਂ ਨੂੰ ਅਜੇ ਤੱਕ ਅਣਸੇਟ ਘੋਸਿਤ ਕਰਵਾ ਕੇ ਢਾਹਿਆ ਨਹੀਂ ਗਿਆ ਹੈ। ਇਸ ਲਈ ਕਈ ਵਾਰ ਕੁੱਝ ਲੋਕਾਂ ਅਤੇ ਪੱਤਰਕਾਰਾਂ ਵੱਲੋਂ ਜਾਣਬੁਝ ਕੇ ਸਕੂਲ ਵਿੱਚ ਉਸਾਰੀ ਕੀਤੇ ਨਵੇਂ ਟੁਆਇਲਟ ਵਰਤੋਂ ਵਿੱਚ ਹੋਣ ਦੇ ਬਾਵਜੂਦ, ਇਹਨਾਂ ਨਾ ਵਰਤਣ ਯੋਗ ਪੁਰਾਣੇ ਟੁਆਇਲਟ ਦੀ ਫੋਟੋ ਵੱਖ-ਵੱਖ ਅਖਬਾਰਾਂ ਵਿੱਚ ਲਗਵਾ ਦਿੱਤੀ ਜਾਂਦੀ ਹੈ, ਜਿਸ ਨਾਲ ਵਿਭਾਗ ਦਾ ਅਕਸ ਖਰਾਬ ਹੁੰਦਾ ਹੈ।

ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਹਨਾਂ ਪੁਰਾਣੇ ਨਾ ਵਰਤਣਯੋਗ ਟੁਆਇਲਟਸ ਨੂੰ ਅਣਸੇਫ ਘੋਸ਼ਿਤ ਕਰਵਾਉਣ ਉਪਰੰਤ ਇਹਨਾਂ ਨੂੰ ਜਲਦ ਤੋ ਜਲਦ ਢਾਹ ਕੇ ਮੁੱਖ ਦਫਤਰ ਨੂੰ ਸੂਚਿਤ ਕੀਤਾ ਜਾਵੇ। ਇਸ ਉਪਰੰਤ ਵੀ ਜੇਕਰ ਸਕੂਲਾਂ ਦੀ ਵੀਜਿਟ ਦੌਰਾਨ ਜਾਂ ਕਿਸੇ ਵੀ ਮੀਡਿਆ ਰਾਹੀ ਇਹ ਸੂਚਨਾ ਮਿਲਦੀ ਹੈ ਕਿ ਉਕਤ ਪੁਰਾਣੇ ਟੁਆਇਲਟਸ ਅਜੇ ਵੀ ਨਹੀ ਢਾਹੇ ਗਏ ਤਾਂ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ/ਸੈ.ਸਿ), ਉਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਬੀ.ਪੀ.ਈ.ਓ, ਸੀ.ਐਚ.ਟੀ ਅਤੇ ਐਚ.ਟੀ ਵਿਰੁੱਧ ਬਣਦੀ ਕਾਰਵਾਈ ਆਰੰਭੀ ਜਾਵੇਗੀ। ਇਸ ਲਈ ਨਵੇ ਟੁਆਇਲਟ ਦੀ ਉਸਾਰੀ ਮੁਕੰਮਲ ਹੋਣ ਅਤੇ ਵਿਦਿਆਰਥੀਆਂ ਵੱਲੋਂ ਨਵੇ ਟੁਆਇਲਟ ਦੀ ਵਰਤੋ ਸ਼ੁਰੂ ਹੋਣ ਤੇ ਬਾਅਦ ਪੁਰਾਣੇ ਟੁਆਇਲਟ ਨੂੰ ਢਾਹਣ ਦੇਣ ਦੀ ਪਰਮ ਅਗੇਤ ਦਿੱਤੀ ਜਾਵੇ।

28/11/23
ਸਹਾਇਕ ਡਾਇਰੈਕਟਰ (ਈ.ਐਂਡ.ਆਈ)
ਪੰਜਾਬ।

ਪਿੱਠ ਅੰਕਣ ਨੰ: ਸਸਅ/ਸਿਵਲ ਵਰਕਸ/2023/ਉਕਤ ਮਿਤੀ 28/11/2023

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1) ਪੀ.ਏ ਟੂ ਮਾਨਯੋਗ ਸਿੱਖਿਆ ਮੰਤਰੀ, ਪੰਜਾਬ ਜੀ
2) ਪੀ.ਏ ਟੂ ਸੁਕੱਤਰ ਸਕੂਲ ਸਿੱਖਿਆ
3) ਡੀ.ਐਸ.ਈ (ਸੈ.ਸਿ)
4) ਡੀ.ਐਸ.ਈ (ਐ.ਸਿ)

28/11/23
ਸਹਾਇਕ ਡਾਇਰੈਕਟਰ (ਈ.ਐਂਡ.ਆਈ)
ਪੰਜਾਬ।

ਦਫਤਰ ਜ਼ਿਲਾ ਸਿੱਖਿਆ ਅਫਸਰ
ਪਿਠ ਅੰ ਮਾਂ-4/2023 318787
ਮਿ: 29/11/23
ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਅਗਲੇਰੀ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।
1.) ਕਾਰਜਕਾਰੀ ਇੰਜੀਨੀਅਰ (Pwd)
2.) ਉਪ ਜਿ.ਸਿ.ਅ. (ਸੈ.ਸਿ)
3.) ਡੀ.ਐਮ. ਐਮ.
4.) ਸਬੰਧਤ ਸਕੂਲ ਮੁਖੀ
5.) ਸਮਗਰ ਸਿਖਿਆ ਐ.ਈ

ਜ਼ਿਲ੍ਹਾ ਸਿੱਖਿਆ ਅਫਸਰ (ਸ)